# ਯੋਗਾ ਦਿਵਸ ਦਾ ਵਿਰੋਧ ਕਰਦਿਆਂ ਗੁਰਦੁਆਰਾ ਜੋਤੀ ਸਰੂਪ ਜੋਗੇਵਾਲਾ 'ਚ ਮਨਾਇਆ ਗਿਆ ਗੱਤਕਾ ਦਿਵਸ

**ਖੁਖਰਾਣਾ (ਇਕਬਾਲ ਸਿੰਘ, ਰਜਿੰਦਰ ਕੋਟਲਾ)** - ਅੱਜ ਗੁਰਦੁਆਰਾ ਜੋਤੀ ਸਰੂਪ ਪਿੰਡ ਜੋਗੇਵਾਲਾ ਵਿਖੇ ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ ਦੀ ਦੇਖ-ਰੇਖ ਹੇਠ ਸ਼ਸਤਰ ਵਿੱਦਿਆ ਗਤਕਾ ਦਾ ਆਯੋਜਨ ਕਰਵਾਇਆ ਗਿਆ। ਜਿਸ ਵਿਚ ਉੱਚ ਕੋਟੀ ਦੀਆਂ ਟੀਮਾਂ ਨੇ ਭਾਗ ਲਿਆ। ਇਸ ਮੌਕੇ ਨੌਜਵਾਨਾਂ ਵੱਲੋਂ ਸਿੱਖ ਮਾਰਸ਼ਲ ਆਰਟ ਗੱਤਕੇ ਦੇ ਦਿਖਾ ਕੇ ਸੰਗਤਾਂ ਦੇ ਸਨਮੁੱਖ ਪੁਰਾਤਨ ਵਿਰਸੇ ਨੂੰ ਰੂਪਮਾਨ ਕਰਦਿਆਂ ਸੰਤ ਬਾਬਾ ਬਲਦੇਵ ਸਿੰਘ ਜੋਗੇਵਾਲਾ, ਬਾਬਾ ਚਮਕੌਰ ਸਿੰਘ ਭਾਈ ਰੂਪਾ, ਬਾਬਾ ਰੇਸ਼ਮ ਸਿੰਘ ਖੁਖਰਾਣਾ, ਗਿਆਨੀ ਹਰਪ੍ਰੀਤ ਸਿੰਘ ਜੋਗੇਵਾਲਾ ਨੇ ਕਿਹਾ ਕਿ ਅੱਜ ਦਾ ਇਹ ਪ੍ਰੋਗਰਾਮ ਜੋ ਤਖਤਾਂ ਦੇ ਜਥੇਦਾਰਾਂ ਨੇ ਯੋਗਾ ਦਿਵਸ ਦੇ ਖਿਲਾਫ਼ ਸਿੱਖ ਕੌਮ ਨੂੰ ਗੁਰੂ ਘਰਾਂ ਵਿਚ ਗਤਕੇ ਦੇ ਅਖਾੜੇ ਲਗਾਉਣ ਵਾਸਤੇ ਹੁਕਮ ਕੀਤਾ ਸੀ, ਉਸ ਉਪਰ ਫੁੱਲ ਚੜ੍ਹਾਉਂਦੇ ਹੋਏ ਉਨ੍ਹਾਂ ਦੇ ਹੁਕਮਾਂ ਅਨੁਸਾਰ ਕੀਤਾ ਗਿਆ ਅਤੇ ਸਾਰੀ ਸਿੱਖ ਕੌਮ ਨੂੰ ਨਿਮਰਤਾ ਸਾਹਿਤ ਬੇਨਤੀ ਕੀਤੀ ਕਿ ਸਰਬੱਤ ਖ਼ਾਲਸਾ ਵੱਲੋਂ ਨਿਯੁਕਤ ਕੀਤੇ ਜਥੇਦਾਰਾਂ ਦੇ ਹਰੇਕ ਹੁਕਮ ਦੀ ਪਾਲਣਾ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਜੇ ਮੋਦੀ ਦੇ ਯੋਗ ਸਾਧਨਾ ਦੇ ਸੱਦੇ 'ਤੇ ਚੰਡੀਗੜ੍ਹ ਵਿਖੇ ਯੋਗ ਦਿਵਸ ਦੇ ਵਿੱਚ ਹਿੱਸਾ ਲੈਣ ਵਾਸਤੇ ਬੱਚਿਆਂ ਨੂੰ ਪਹਿਲਾਂ ਟ੍ਰੇਨਿੰਗ ਦਿੱਤੀ ਜਾ ਰਹੀ ਸੀ, ਉਸ ਵਿਚੋਂ ਅੰਮ੍ਰਿਤਧਾਰੀ ਬੱਚਿਆਂ ਨੂੰ ਕ੍ਰਿਪਾਨਾਂ ਉਤਾਰਨ ਵਾਸਤੇ ਪੁਲਿਸ ਵੱਲੋਂ ਮਜਬੂਰ ਕੀਤਾ ਗਿਆ ਅਤੇ ਨਾਲ ਹੀ ਕਿਹਾ ਗਿਆ ਕਿ ਕਿਰਪਾਨ ਅਤੇ ਕੜਾ ਪਾ ਕੇ ਕੋਈ ਵੀ ਬੱਚਾ ਯੋਗਾ ਕੈਂਪ ਵਿਚ ਸ਼ਾਮਲ ਨਹੀਂ ਹੋ ਸਕਦਾ, ਜੋ ਸਮੁੱਚੀ ਸਿੱਖ ਕੌਮ ਦੀ ਤੌਹੀਨ ਹੈ ਤੇ ਜੋ ਸਰਕਾਰੀ ਤੰਤਰ ਆਰ.ਐਸ.ਐਸ. ਦੇ ਇਸ਼ਾਰੇ ਤੇ ਸਿੱਖ ਗੁਰੂਆਂ ਵੱਲੋਂ ਦਿੱਤੇ ਕਕਾਰਾਂ ਨੂੰ ਜਬਰੀ ਲਹਾਉਂਦੇ ਹਨ, ਇਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦਾ ਏਜੰਡਾ ਸਿੱਖ ਕੌਮ ਦੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਰੋਲਣ ਦਾ ਕੋਝਾ ਹੱਥਕੰਡਾ ਅਪਣਾ ਕੇ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ ਜਾ ਰਹੀ ਹੈ ਤੇ ਜਾਣਬੁੱਝ ਕੇ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਆਰੰਭ ਕੀਤੀ ਸ਼ਸਤਰ ਵਿੱਦਿਆ ਗਤਕਾ ਕਰਵਾਉਣ ਦੀ ਬਜਾਏ ਪ੍ਰਧਾਨ ਮੰਤਰੀ ਵੱਲੋਂ ਜਾਣਬੁੱਝ ਕੇ ਜਬਰੀ ਯੋਗਾ ਕਰਵਾਇਆ ਗਿਆ ਹੈ, ਜੋ



ਘੱਟ ਗਿਣਤੀਆਂ ਲਈ ਜਬਰੀ ਹਿੰਦੂ ਰਾਸ਼ਟਰ ਦੇ ਏਜੰਡੇ 'ਤੇ ਚੱਲਣ ਦਾ ਪੁੱਟਿਆ ਪਹਿਲਾ ਕਦਮ ਹੈ, ਜਿਸ ਨੂੰ ਸਿੱਖ ਕੌਮ ਨਹੀਂ ਮੰਨੇਗੀ। ਉਨ੍ਹਾਂ ਕਿਹਾ ਕਿ ਯੋਗਾ ਦੀ ਆੜ ਹੇਠ ਆਰ.ਐਸ.ਐਸ. ਅਤੇ ਭਾਜਪਾ ਵੱਲੋਂ ਪੂਰੇ ਦੇਸ਼ ਨੂੰ ਖਾਸ ਕਰਕੇ ਪੰਜਾਬ, ਜੋ ਸਿੱਖਾਂ ਦੀ ਜਨਮ ਭੂਮੀ ਹੈ, ਨੂੰ ਭਗਵੇਂ ਰੰਗ ਵਿਚ ਰੰਗਣਾ ਚਾਹੁੰਦੇ ਹਨ ਅਤੇ ਹਿੰਦੂਤਵ ਦਾ ਬੋਲਬਾਲਾ ਪੰਜਾਬ ਵਿਚ ਫੈਲਾਉਣਾ ਚਾਹੁੰਦੇ ਹਨ ਅਤੇ ਸਿੱਖ ਕੌਮ ਦੀ ਵੱਖਰੀ ਹੋਂਦ ਹਸਤੀ ਨੂੰ ਖਤਮ ਕਰਨਾ ਚਾਹੁੰਦੇ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਅਸੀਂ ਪੰਜਾਬ ਸਰਕਾਰ ਨੂੰ ਵੀ ਇਹ ਕਹਿਣਾ ਚਾਹੁੰਦੇ ਹਾਂ ਕਿ ਗੁਰੂ ਸਾਹਿਬਾਨਾਂ ਦੀ ਚਰਨ ਛੋਹ ਪ੍ਰਾਪਤ ਧਰਤੀ ਉੱਪਰ ਅਜਿਹੇ ਪ੍ਰੋਗਰਾਮਾਂ ਦੀ ਸਖ਼ਤ ਮਨਾਹੀ ਹੋਣੀ ਚਾਹੀਦੀ ਹੈ ਅਤੇ ਆਸ.ਐਸ.ਐਸ. ਦਾ ਹੱਥ ਠੋਕਾ ਨਹੀਂ ਬਣਨਾ ਚਾਹੀਦਾ। ਸਿੱਖ ਕੌਮ ਨੇ ਤੁਹਾਨੂੰ ਵੋਟਾਂ ਪਾ ਕੇ ਰਾਜ ਭਾਗ ਦੇ ਮਾਲਕ ਬਣਾਇਆ ਹੈ, ਜਿਸ ਕਰਕੇ ਤੁਹਾਨੂੰ ਸਿੱਖਾਂ ਦੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਚਾਹੀਦਾ ਹੈ। ਇਸ ਮੌਕੇ ਭਾਈ ਦਵਿੰਦਰ ਸਿੰਘ ਹਰੀਏਵਾਲਾ, ਬਾਬਾ ਗੁਰਵਿੰਦਰ ਸਿੰਘ ਡੂੰਮਰੂ, ਭਾਈ ਰਣਜੀਤ ਸਿੰਘ, ਭਾਈ ਜਸਵਿੰਦਰ ਸਿੰਘ, ਭਾਈ ਸਤਨਾਮ ਸਿੰਘ ਆਦਿ ਹਾਜ਼ਰ ਸਨ।


# ਕਾਂਗਰਸ ਅਤੇ ਆਮ ਆਦਮੀ ਪਾਰਟੀ ਈਸਟ ਇੰਡੀਆ ਕੰਪਨੀ ਵਾਂਗ ਪੰਜਾਬ ਨੂੰ ਲੁੱਟਣਾ ਚਾਹੁੰਦੇ ਹਨ- ਸੁਖਬੀਰ ਸਿੰਘ ਬਾਦਲ



**ਅਜੀਤਵਾਲ (ਇਕਬਾਲ ਖੋਸਾ)** - ਪੰਜਾਬ ਦੇ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਵੱਲੋਂ ਕੀਤੀ ਜਾ ਰਹੀ ਸੌੜੀ ਸਿਆਸਤ ਦੀ ਨਿੰਦਾ ਕਰਦਿਆਂ ਇਨ੍ਹਾਂ ਪਾਰਟੀਆਂ ਦੀ ਤੁਲਨਾ ਈਸਟ ਇੰਡੀਆ ਕੰਪਨੀ ਨਾਲ ਕਰਦਿਆਂ ਕਿਹਾ ਕਿ ਇਨ੍ਹਾਂ ਪਾਰਟੀਆਂ ਦਾ ਮਕਸਦ ਖੁਸ਼ਹਾਲ ਵੱਸਦੇ ਪੰਜਾਬ ਨੂੰ ਲੁੱਟਣਾ ਅਤੇ ਬਰਬਾਦ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਦੋਵੇਂ ਪਾਰਟੀਆਂ ਸੱਤਾ ਪ੍ਰਾਪਤੀ ਲਈ ਕਿਸੇ ਵੀ ਹੱਦ ਤੱਕ ਡਿੱਗ ਸਕਦੀਆਂ ਹਨ, ਇਸ ਲਈ ਪੰਜਾਬ ਵਾਸੀ ਸੱਤਾ ਦੀ ਲੋਭੀ ਇਨ੍ਹਾਂ ਪਾਰਟੀਆਂ ਨੂੰ ਮੂੰਹ ਨਾ ਲਾਉਣ। ਇੱਕ ਅਹਿਮ ਜਾਣਕਾਰੀ ਦਿੰਦਿਆਂ ਉਨ੍ਹਾਂ ਕਿਹਾ ਕਿ ਬਹੁਤ ਜਲਦ ਦਿੱਲੀ-ਅੰਮ੍ਰਿਤਸਰ ਵਾਇਆ ਮੋਗਾ ਇੱਕ ਨਵੀਂ ਸੜਕ ਦਾ ਨਿਰਮਾਣ ਸ਼ੁਰੂ ਹੋ ਰਿਹਾ ਹੈ, ਜਿਸ ਸਬੰਧੀ ਕੇਂਦਰ ਸਰਕਾਰ ਨਾਲ ਕਾਰਜ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਸ. ਬਾਦਲ ਨੇ ਕਿਹਾ ਕਿ ਜਦੋਂ ਉਹ ਫਰੀਦਕੋਟ ਹਲਕੇ ਤੋਂ ਸੰਸਦ ਮੈਂਬਰ ਬਣੇ ਤਾਂ ਮੋਗਾ ਇਲਾਕਾ ਵਿਕਾਸ ਪੱਖੋਂ ਕਾਫੀ ਪੱਛੜਿਆ ਸੀ, ਪਰ ਉਸ ਤੋਂ ਬਾਅਦ ਇਸ ਇਲਾਕੇ ਨੂੰ ਬੇਹਤਰ ਸੜਕੀ ਸੰਪਰਕ ਨਾਲ ਜੋੜਿਆ ਗਿਆ ਜਿਸ ਦੇ ਸਿੱਟੇ ਵਜੋਂ ਇੱਥੇ ਤਰੱਕੀ ਦੀਆਂ ਨਵੀਆਂ ਇਬਾਰਤਾਂ ਲਿਖ ਹੋ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸੜਕਾਂ ਦੇ 4-6 ਮਾਰਗੀਕਰਨ ਦਾ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਅਤੇ ਅਗਲੇ ਸਾਲ ਤੱਕ ਪੰਜਾਬ ਦਾ ਅਜਿਹਾ ਕੋਈ ਪ੍ਰਮੁੱਖ ਕਸਬਾ ਤੇ ਸ਼ਹਿਰ ਅਜਿਹਾ ਨਹੀਂ ਹੋਵੇਗਾ ਜੋ ਕਿ 4-6 ਮਾਰਗੀ ਸੜਕਾਂ ਨਾਲ ਜੁੜਿਆਂ ਨਾ ਹੋਵੇ।

ਬਾਅਦ ਵਿਚ ਪੱਤਰਕਾਰਾਂ ਨਾਲ ਗੱਲ ਕਰਦਿਆਂ ਉੱਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਅਤੇ ਆਪ ਵਾਲੇ ਜਾਣਬੁੱਝ ਕੇ ਪੰਜਾਬ ਨੂੰ ਬਦਨਾਮ ਕਰ ਰਹੇ ਹਨ। ਇਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਹਾਲੇ ਤੱਕ ਇਹ ਸਪੱਸ਼ਟ ਨਹੀਂ ਕਰ ਸਕਿਆ ਕਿ ਪੰਜਾਬ ਵਿਰੋਧੀ ਅਤੇ ਦੇਸ਼ ਵਿਰੋਧੀ ਲੋਕਾਂ ਨਾਲ ਉਸ ਦੇ ਕੀ ਸਬੰਧ ਹਨ ਅਤੇ ਕੈਨੇਡਾ ਦੇ ਗੁਰੂਦੁਆਰਾ ਡਿਕਸੀ ਵਿਖੇ ਗਰਮਖਿਆਲੀਆਂ ਵੱਲੋਂ ਲਏ ਸਨਮਾਨ ਪਿੱਛੇ ਉਸ ਦਾ ਕੀ ਮੰਤਵ ਸੀ। ਉਨ੍ਹਾਂ ਕਿਹਾ ਕਿ ਕੈਪਟਨ ਦੀ ਸਿਆਸਤ ਐਸ਼ਪ੍ਰਸਤੀ ਵਾਲੀ ਹੈ ਉਹ ਪੰਜਾਬ ਦੇ ਵਿਕਾਸ ਬਾਰੇ ਕਦੇ ਕੋਈ ਗੱਲ ਨਹੀਂ ਕਰਦਾ। ਆਮ ਆਦਮੀ ਪਾਰਟੀ ਦੀ ਨਿੰਦਾ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਪਾਰਟੀ ਠੱਗਾਂ ਅਤੇ ਨਕਾਰੇ ਹੋਏ ਲੋਕਾਂ ਨਾਲ ਭਰੀ ਪਈ ਹੈ ਅਤੇ ਇਨ੍ਹਾਂ ਦਾ ਕੋਈ ਵਿਕਾਸ ਏਜੰਡਾ ਨਹੀਂ ਹੈ। ਇਸ ਮੌਕੇ ਖੇਤੀਬਾੜੀ ਮੰਤਰੀ ਜੱਥੇਦਾਰ ਤੋਤਾ ਸਿੰਘ, ਵਿਧਾਇਕ ਬੀਬੀ ਰਾਜਵਿੰਦਰ ਕੌਰ ਭਾਗੀਕੇ, ਜੋਗਿੰਦਰ ਪਾਲ ਜੈਨ ਤੇ ਮਹੇਸ਼ਇੰਦਰ ਸਿੰਘ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਪ੍ਰਧਾਨ ਤੀਰਥ ਸਿੰਘ ਮਾਹਲਾ, ਭਾਜਪਾ ਜ਼ਿਲ੍ਹਾ ਪ੍ਰਧਾਨ ਤਰਚੋਲਨ ਸਿੰਘ ਗਿੱਲ,ਚੇਅਰਮੈਨ ਪੰਜਾਬ ਰਾਜ ਸਿਹਤ ਨਿਗਮ ਬਰਜਿੰਦਰ ਸਿੰਘ ਬਰਾੜ, ਮੇਅਰ ਨਗਰ ਨਿਗਮ ਮੋਗਾ ਅਕਸ਼ਿਤ ਜੈਨ, ਚੇਅਰਮੈਨ ਤਰਸੇਮ ਸਿੰਘ ਰੱਤੀਆਂ, ਚੇਅਰਪਰਸਨ ਜ਼ਿਲ੍ਹਾ ਪ੍ਰੀਸ਼ਦ ਬੀਬੀ ਅਮਰਜੀਤ ਕੌਰ ਸਾਹੋਕੇ, ਉੱਪ ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਅਸ਼ਵਨੀ ਕੁਮਾਰ, ਡਿਪਟੀ ਕਮਿਸ਼ਨਰ ਕੁਲਦੀਪ ਸਿੰਘ ਵੈਦ, ਐਸ.ਐਸ.ਪੀ. ਹਰਜੀਤ ਸਿੰਘ ਪੰਨੂੰ, ਭੁਪਿੰਦਰ ਸਿੰਘ ਸਾਹੋਕੇ, ਚੇਅਰਮੈਨ ਖਣਮੁੱਖ ਭਾਰਤੀ, ਰਣਵਿੰਦਰ ਸਿੰਘ ਰਾਮੂੰਵਾਲਾ, ਚੇਅਰਮੈਨ ਭਗੀਰਥ ਸਿੰਘ ਲੋਪੋ, ਬੂਟਾ ਸਿੰਘ ਦੌਲਤਪੁਰਾ, ਬਲਵਿੰਦਰ ਸਿੰਘ ਹੈਪੀ ਜ਼ਿਲਾ ਪ੍ਰਧਾਨ ਐਸ.ਸੀ. ਵਿੰਗ, ਪਰਮਜੀਤ ਸਿੰਘ ਚੜਿੱਕ ਤੇ ਕੁਲਦੀਪ ਸਿੰਘ ਜੋਗੇਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਅਕਾਲੀ-ਭਾਜਪਾ ਆਗੂ ਹਾਜ਼ਰ ਸਨ।


# ...ਜਦੋਂ ਸੰਤ ਬਾਬਾ ਗੁਰਦੀਪ ਸਿੰਘ ਨੇ ਸਰਕਾਰੀ ਗ੍ਰਾਂਟ ਲੈਣ ਤੋਂ ਕੀਤਾ ਇਨਕਾਰ !



**ਬਾਘਾ ਪੁਰਾਣਾ (ਸਭਾਜੀਤ ਪੱਪੂ/ਕੁਲਦੀਪ ਘੋਲੀਆ)** - ਪੰਜਾਬ ਦੇ ਪਵਿੱਤਰ ਤੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਪਿਛਲੇ ਲੰਬੇ ਸਮੇਂ ਤੋਂ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਬਿਰਧ ਆਸ਼ਰਮ ਦਾ ਨਿਰਮਾਣ ਕੀਤਾ ਗਿਆ ਸੀ, ਜਿਸ ਵਿਚ ਅੱਜ ਕਈ ਬੇਸਹਾਰਾ ਬਜ਼ੁਰਗ ਅਤੇ ਔਰਤਾਂ ਰਹਿ ਰਹੀਆਂ ਹਨ। ਉਨ੍ਹਾਂ ਦੇ ਬਾਅਦ ਉਕਤ ਬਿਰਧ ਆਸ਼ਰਮ ਦੀ ਸਾਰੀ ਜ਼ਿੰਮੇਵਾਰੀ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਵੱਲੋਂ ਨਿਭਾਈ ਜਾ ਰਹੀ ਹੈ। ਬਾਬਾ ਜੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬਿਰਧ ਆਸ਼ਰਮ ਲਈ ਸਾਨੂੰ ਗ੍ਰਾਂਟ ਆਈ ਸੀ, ਪਰ ਅਸੀਂ ਉਕਤ ਸਰਕਾਰੀ ਗ੍ਰਾਂਟ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਅਸੀਂ ਬਿਰਧ ਆਸ਼ਰਮ ਬਜ਼ੁਰਗਾਂ ਦੀ ਸੇਵਾ ਲਈ ਬਣਾਇਆ ਹੈ, ਗ੍ਰਾਂਟ ਲੈਣ ਲਈ ਨਹੀਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੋਗਾ ਦੇ ਦਫ਼ਤਰ ਵਿਚੋਂ ਸ਼ਹੀਦ ਬਾਬਾ ਤੇਗਾ ਸਿੰਘ ਸੇਵਾ ਸੁਸਾਇਟੀ ਬਿਰਧ ਆਸ਼ਰਮ ਚੰਦ ਪੁਰਾਣਾ ਲਈ ਗ੍ਰਾਂਟ ਦੇਣ ਲਈ ਅਧਿਕਾਰੀ ਆਏ, ਜਿਨ੍ਹਾਂ ਸਾਨੂੰ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਸਾਲ 2016-17 ਸਮਾਜ ਸੇਵੀ ਸੰਸਥਾਵਾਂ ਤੋਂ ਆਨਲਾਈਨ ਗ੍ਰਾਂਟ ਵਾਸਤੇ ਅਰਜੀਆਂ ਦੀ ਮੰਗ ਕੀਤੀ ਗਈ ਹੈ। ਬਾਬਾ ਗੁਰਦੀਪ ਸਿੰਘ ਨੇ ਗੁਰਦੁਆਰਾ ਸਾਹਿਬ ਆਏ ਅਧਿਕਾਰੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਅਸੀਂ ਬਿਰਧ ਆਸ਼ਰਮ ਗ੍ਰਾਂਟ ਲੈਣ ਵਾਸਤੇ ਨਹੀਂ ਬਣਾਇਆ, ਸਗੋਂ ਬਜ਼ੁਰਗਾਂ ਦੀ ਸੇਵਾ ਲਈ ਬਣਾਇਆ ਹੈ ਅਤੇ ਸਾਨੂੰ ਸਾਰੇ ਪੰਜਾਬ ਦੀਆਂ ਹੀ ਨਹੀਂ, ਸਗੋਂ ਦੂਸਰੇ ਸੂਬਿਆਂ ਦੀਆਂ ਸੰਗਤਾਂ ਵੀ ਬਿਰਧ ਆਸ਼ਰਮ ਲਈ ਸਹਿਯੋਗ ਦੇ ਰਹੀਆਂ ਹਨ ਅਤੇ ਗੁਰਦੁਆਰਾ ਸਾਹਿਬ ਵੱਲੋਂ ਹਰ ਮਹੀਨੇ ਗਰੀਬ ਅਤੇ ਬੇਸਹਾਰਾ ਔਰਤਾਂ ਲਈ ਰਾਸ਼ਨ ਦੀ ਵੰਡ ਵੀ ਸੰਗਤਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਸੰਗਤਾਂ ਅਤੇ ਲੋਕਾਂ ਵੱਲੋਂ ਬਾਬਾ ਜੀ ਦੇ ਇਸ ਕਦਮ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

# 'ਉੜਤਾ ਪੰਜਾਬ' ਨਹੀ ਹੈ ਪਰਿਵਾਰਿਕ ਫਿਲਮ, ਗੰਦੀਆਂ ਗਾਲਾਂ ਤੇ ਅਸ਼ਲੀਲ ਟੋਟਕਿਆਂ ਨਾਲ ਭਰੀ ਇਕ ਵਾਯਾਤ ਫਿਲਮ, ਜਿਸ ਨੂੰ ਤੁਸੀਂ ਪਰਿਵਾਰ ਤੇ ਬਚਿਆਂ ਨਾਲ ਨਹੀਂ ਦੇਖ ਪਾਵੋਂਗੇ

**ਮੋਗਾ / ਡਾ. ਮਨਜੀਤ ਸਿੰਘ ਸਰਾਂ**




ਫਿਲਮ ਨੂੰ ਅਸੀਂ ਮੋਗਾ ਦੇ ਓਰਬਿਟ ਸਿਨੇਮਾ 'ਚ ਦੇਖਣ ਗਏ ਅਤੇ ਸਾਨੂੰ ਬੇਹੱਦ ਸ਼ਰਮ ਮਹਿਸੂਸ ਹੋਈ ਕਿ ਜਿਸ ਫਿਲਮ ਲਈ ਅਸੀਂ ਬਾਦਲਕਿਆਂ ਨਾਲ ਉਲਝਦੇ ਰਹੇ ਉਹ ਸਾਡੀ ਇਕ ਬੁਹਤ ਵੱਡੀ ਭੁਲ ਸੀ ਕਿਉਂਕਿ ਦੇਖੇ ਤੋਂ ਬਿਨ੍ਹਾਂ ਕਿਸੇ ਦੀ ਮਦਦ ਕਰਨਾ ਵੀ ਮੂਰਖਤਾ ਹੁੰਦੀ ਹੈ। ਉਹ ਗੰਦੀਆਂ ਗਾਲਾਂ ਜੋ ਇਕ ਮਰਦ ਦੇ ਮੂੰਹੋਂ ਵੀ ਸੁਣ ਕੇ ਮਰਦ ਵੀ ਸ਼ਰਮ ਮਹਿਸੂਸ ਕਰਦੇ ਹਨ। ਉਹ ਫਿਲਮ ਅਸੀਂ ਪਰਿਵਾਰਾਂ ਨੂੰ ਦਿਖਾਉਣ ਲੈ ਕੇ ਗਏ।

ਨਿਰਦੇਸ਼ਕ ਨਸ਼ੇ ਦੇ ਮੁੱਦੇ ਨੂੰ ਹਾਈਲਾਈਟ ਕਰਨ ਲਈ ਅਸ਼ਲੀਲਤਾ ਦਾ ਸਹਾਰਾ ਲੈ ਗਏ। ਅੱਜ ਸਾਨੂੰ ਮਹਿਸੂਸ ਹੁੰਦਾ ਹੈ ਕਿ ਸੈਂਸਰ ਬੋਰਡ ਆਪਣੀ ਥਾਂ ਸਹੀ ਸੀ ਪਰ ਅਸੀਂ 'ਉੜਤਾ ਪੰਜਾਬ' ਦਾ ਟਾਇਟਲ ਸੁਣ ਕੇ ਨਿਰਮਾਤਾ ਦੇ ਪੱਖ 'ਚ ਜਾ ਖੜ੍ਹੇ ਹੋਏ, ਜਿਸਦਾ ਸਾਨੂੰ ਹਮੇਸ਼ਾਂ ਪਛਤਾਵਾ ਰਹੇਗਾ। ਨਿਰਮਾਤਾ ਫਿਲਮ ਨੂੰ ਲੈ ਕੇ ਦਰਸ਼ਕਾਂ ਦੀ ਨਜ਼ਰ 'ਚ ਸਹੀ ਨਹੀਂ ਉਤਰੇ। ਰਹੀ ਗੱਲ ਬਾਦਲਕਿਆਂ ਜੋ ਬਿਨ੍ਹਾਂ ਵਜਾ ਹੀ ਡਰਦੇ ਰਹੇ ਜਦੋਂ ਕਿ ਫਿਲਮ ਕੋਈ ਵੱਡੀ ਗੱਲ ਨਹੀਂ ਸੀ ਜੋ ਕਿ ਉਨ੍ਹਾਂ ਦੇ ਖਿਲਾਫ਼ ਜਾਂਦੀ ਕਿਉਂਕਿ ਨਿਰਮਾਤਾ ਫਿਲਮ ਨੂੰ ਅਸਲ ਦਿਸ਼ਾ 'ਚ ਤਾਂ ਲਿਜਾ ਹੀ ਨਹੀਂ ਸਕੇ ਸਗੋਂ ਅਸ਼ਲੀਲਤਾ ਤੇ ਗੰਦੀਆਂ ਗਾਲਾਂ 'ਚ ਹੀ ਰੁਝੇ ਰਹੇ ਪਰ ਅਫਸੋਸ ਨਿਰਮਾਤਾ ਪੰਜਾਬ ਦੇ ਸੱਭਿਆਚਾਰ ਨੂੰ ਗੰਦਾ ਕਰਕੇ ਚਲਦੇ ਬਣੇ।